Australian Government
Department of Health and Aged Care



# Support at Home ਵਿੱਚ ਜਾਣ ਦੀ ਤਿਆਰੀ ਲਈ ਤੁਹਾਨੂੰ ਕੀ ਕਰਨ ਦੀ ਲੋੜ ਹੈ

**ਜਿਵੇਂ ਕਿ Support at Home ਪ੍ਰੋਗਰਾਮ ਬਾਰੇ ਜਾਣਕਾਰੀ ਦੇਣ ਵਾਲੇ ਪੱਤਰ ਵਿੱਚ ਦਰਸਾਇਆ ਗਿਆ ਹੈ, ਸਿਹਤ ਵਿਭਾਗ ਅਤੇ ਬਜ਼ੁਰਗ ਦੇਖਭਾਲ ਅਤੇ Services Australia ਤੁਹਾਡੇ ਵੱਲੋਂ ਕਈ ਗਤੀਵਿਧੀਆਂ ਨੂੰ ਅੱਗੇ ਵਧਾ ਰਹਿਾ ਹੈ। ਹੇਠ ਦਿੱਤੀ ਗਈ ਚੈੱਕਲਿਸਟ ਉਹਨਾਂ ਕਦਮਾਂ ਬਾਰੇ ਦੱਸਦੀ ਹੈ ਜੋ ਤੁਸੀ ਇਹ ਤਬਦੀਲੀ ਲਈ ਤਿਆਰੀ ਕਰਨ ਲਈ ਚੁੱਕ ਸਕਦੇ ਹੋ।**

| ਗਤੀਵਿਧੀ | ਸਮਾਂ-ਸੀਮਾ | ਹੋਰ ਜਾਣਕਾਰੀ ਕਿੱਥੇ ਮਿਲੇਗੀ? | ਸੰਪੂਰਨ |
|---|---|---|---|
| Support at Home ਪ੍ਰੋਗਰਾਮ ਬਾਰੇ ਹੋਰ ਜਾਣੋ। | ਹੁਣ ਸਰੋਤ ਉਪਲਬਧ ਹਨ | My Aged Care ਵੈੱਬਸਾਈਟ 'ਤੇ ਜਾਓ: **www.myagedcare.gov.au**<br>ਜਾਣਕਾਰੀ ਵਿੱਚ ਸ਼ਾਮਲ ਹਨ:<br>• ਤੱਥ-ਪੱਤਰ<br>• *Support at Home ਪ੍ਰੋਗਰਾਮ - ਬਜ਼ੁਰਗਾਂ, ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਕਿਤਾਬਚਾ।*<br>ਤੁਸੀਂ ਇਨ੍ਹਾਂ ਸਰੋਤਾਂ ਬਾਰੇ ਆਪਣੇ ਪ੍ਰਦਾਤਾ ਤੋਂ ਵੀ ਪੁੱਛ ਸਕਦੇ ਹੋ। | ☐ |

| ਗਤੀਵਿਧੀ | ਸਮਾਂ-ਸੀਮਾ | ਹੋਰ ਜਾਣਕਾਰੀ ਕਿੱਥੇ ਮਿਲੇਗੀ? | ਸੰਪੂਰਨ |
|---|---|---|---|
| Support at Home ਪ੍ਰੋਗਰਾਮ ਦੀਆਂ ਫ਼ੀਸਾਂ ਅਤੇ ਯੋਗਦਾਨਾਂ ਬਾਰੇ ਜਾਣੋ। | ਹੁਣ ਸਰੋਤ ਉਪਲਬਧ ਹਨ | Support at Home ਪ੍ਰੋਗਰਾਮ - ਬਜ਼ੁਰਗਾਂ, ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਕਿਤਾਬਚਾ ਵੇਖੋ।<br>ਜਦੋਂ ਤੁਸੀਂ Support at Home ਪ੍ਰੋਗਰਾਮ ਵਿੱਚ ਤਬਦੀਲ ਹੁੰਦੇ ਹੋ ਤਾਂ ਤੁਸੀਂ ਆਪਣੀਆਂ ਫ਼ੀਸਾਂ ਬਾਰੇ ਆਪਣੇ ਪ੍ਰਦਾਤਾ ਨਾਲ ਗੱਲ ਕਰ ਸਕਦੇ ਹੋ।<br><br>My Aged Care ਵੈੱਬਸਾਈਟ 'ਤੇ ਜਲਦੀ ਹੀ ਇੱਕ ਫ਼ੀਸ ਕੈਲਕੁਲੇਟਰ ਉਪਲਬਧ ਹੋਵੇਗਾ ਜੋ Support at Home ਲਈ ਤੁਹਾਡੇ ਦੁਆਰਾ ਅਦਾ ਕੀਤੀ ਜਾ ਸਕਣ ਵਾਲੀ ਕਿਸੇ ਵੀ ਫ਼ੀਸ ਦਾ ਅੰਦਾਜ਼ਾ ਲਗਾ ਸਕਦਾ ਹੈ। | ☐ |
| ਉਮੀਦ ਕਰੋ ਕਿ ਤੁਹਾਡਾ ਪ੍ਰਦਾਤਾ ਤੁਹਾਡੀ ਦੇਖਭਾਲ ਯੋਜਨਾ ਦੀ ਸਮੀਖਿਆ ਕਰਨ ਅਤੇ ਇੱਕ ਨਵਾਂ ਸੇਵਾ ਸਮਝੌਤਾ (ਮੌਜੂਦਾ ਸਮੇਂ ਵਿੱਚ ਘਰੇਲੂ ਦੇਖਭਾਲ ਸਮਝੌਤੇ ਵਜੋਂ ਜਾਣਿਆ ਜਾਂਦਾ ਹੈ) ਬਣਾਉਣ ਲਈ ਤੁਹਾਡੇ ਨਾਲ ਸੰਪਰਕ ਕਰੇਗਾ। | ਅਪ੍ਰੈਲ/ਮਈ 2025 ਤੋਂ | ਤੁਸੀਂ ਆਪਣੇ ਅਧਿਕਾਰਾਂ ਬਾਰੇ ਜਾਣਕਾਰੀ ਲਈ ਅਤੇ ਤੁਹਾਡੀ ਸਹਾਇਤਾ ਲਈ ਕਿਸੇ ਵਕੀਲ ਦੀ ਬੇਨਤੀ ਕਰਨ ਲਈ Older Persons Advocacy Network [ਬਜ਼ੁਰਗ ਵਿਅਕਤੀਆਂ ਦੇ ਅਧਿਕਾਰਾਂ ਦੀ ਵਕਾਲਤ ਕਰਨ ਵਾਲੇ ਨੈੱਟਵਰਕ] ਨਾਲ ਸੰਪਰਕ ਕਰ ਸਕਦੇ ਹੋ।<br><br>**1800 700 600** 'ਤੇ ਫ਼ੋਨ ਕਰੋ ਜਾਂ **www.opan.org.au** 'ਤੇ ਜਾਓ। | ☐ |
| ਜੇਕਰ ਤੁਸੀਂ ਆਪਣੇ ਅਣ-ਵਰਤੇ ਫ਼ੰਡਾਂ ਨੂੰ ਸਹਾਇਕ ਤਕਨਾਲੋਜੀ ਖ਼ਰੀਦਣ ਜਾਂ ਘਰ ਵਿੱਚ ਸੁਧਾਰ ਕਰਨ ਲਈ ਵਰਤਣਾ ਚਾਹੁੰਦੇ ਹੋ ਤਾਂ ਆਪਣੇ ਪ੍ਰਦਾਤਾ ਨਾਲ ਗੱਲ ਕਰੋ।<br><br>ਇਹ ਤੁਹਾਡੇ ਸੇਵਾ ਸਮਝੌਤੇ ਦੀ ਚਰਚਾ ਦਾ ਹਿੱਸਾ ਬਣ ਸਕਦਾ ਹੈ। | ਅਪ੍ਰੈਲ/ਮਈ 2025 ਤੋਂ | ਸਹਾਇਕ ਤਕਨਾਲੋਜੀ ਅਤੇ ਘਰ ਵਿੱਚ ਸੁਧਾਰ ਯੋਜਨਾ ਬਾਰੇ ਜਾਣਕਾਰੀ ਵਿਭਾਗ ਦੀ ਵੈੱਬਸਾਈਟ (**www.health.gov.au**) 'ਤੇ ਉਪਲਬਧ ਹੈ।<br><br>ਤੁਸੀਂ ਆਪਣੇ ਪ੍ਰਦਾਤਾ ਤੋਂ ਵੀ ਜਾਣਕਾਰੀ ਮੰਗ ਸਕਦੇ ਹੋ। | ☐ |
| ਜੇਕਰ ਤੁਸੀਂ ਇਸ ਸਮੇਂ Income Tested Care Fees [ਆਮਦਨ-ਜਾਂਚ ਕੀਤੀ ਦੇਖਭਾਲ ਫ਼ੀਸ] ਦਾ ਭੁਗਤਾਨ ਕਰ ਰਹੇ ਹੋ, ਤਾਂ Services Australia ਤੁਹਾਨੂੰ ਤੁਹਾਡੇ Support at Home ਯੋਗਦਾਨ ਰੇਟ ਬਾਰੇ ਸੂਚਿਤ ਕਰੇਗਾ।<br><br>ਤੁਹਾਨੂੰ ਆਮਦਨ ਅਤੇ ਸੰਪਤੀ ਦੀ ਜਾਣਕਾਰੀ ਦੇਣ ਦੀ ਲੋੜ ਹੋ ਸਕਦੀ ਹੈ। | 1 ਜੁਲਾਈ 2025 ਤੋਂ | ਤੁਹਾਨੂੰ, ਤੁਹਾਡੇ ਪੱਤਰ ਵਿਹਾਰ ਲਈ ਨਾਮਜ਼ਦ ਵਿਅਕਤੀ ਅਤੇ ਸੇਵਾ ਪ੍ਰਦਾਤਾ ਨੂੰ Services Australia ਵੱਲੋਂ ਇੱਕ ਪੱਤਰ ਪ੍ਰਾਪਤ ਹੋਵੇਗਾ।<br><br>ਗਾਹਕ ਸੁਰੱਖਿਆਵਾਂ ਬਾਰੇ ਜਾਣਨ ਲਈ My Aged Care 'ਤੇ ਜਾਓ ਅਤੇ ਜੇਕਰ ਤੁਸੀਂ ਏਜਡ ਕੇਅਰ ਫ਼ੀਸਾਂ ਦਾ ਖ਼ਰਚਾ ਚੁੱਕ ਸਕਦੇ ਹੋ ਤਾਂ ਕੀ ਕਰਨਾ ਹੈ। | ☐ |

ਇਨ੍ਹਾਂ ਗਤੀਵਿਧੀਆਂ ਨੂੰ ਪੂਰਾ ਕਰਨ ਲਈ ਵਧੀਕ ਸਹਾਇਤਾ ਲਈ **"ਜੇਕਰ ਮੇਰੇ ਕੋਈ ਸਵਾਲ ਹੋਣ ਤਾਂ ਮੈਂ ਕਿੱਥੇ ਜਾ ਸਕਦਾ ਹਾਂ?"** ਵੇਖੋ।